6. <u>ਵਧਾਈ ਭਾਸ਼ਣ</u>

ਸਭ ਤੋਂ ਪਹਿਲਾਂ ਮਾਨਯੋਗ ਮੁੱਖ ਮੰਤਰੀ ਨੇ ਸ. ਜੈ ਕ੍ਰਿਸ਼ਨ ਸਿੰਘ ਨੂੰ ਸਰਬਸੰਮਤੀ ਨਾਲ ਡਿਪਟੀ ਸਪੀਕਰ ਵਜੋਂ ਚੁਣੇ ਜਾਣ ਤੇ ਵਧਾਈ ਦਿੱਤੀ ਅਤੇ 03 ਮਿੰਟ ਲਈ ਬੋਲੇ। ਇਸ ਤੋਂ ਬਾਅਦ ਨਿਮਨਲਿਖਤ ਮਾਨਯੋਗ ਮੈਂਬਰਾਂ ਨੇ ਵੀ ਵਧਾਈ ਭਾਸ਼ਣ ਦਿੱਤੇ:-

| | | |
|---|---|---|
| 1. | ਡਾ. ਰਾਜ ਕੁਮਾਰ, ਇੰਡੀਅਨ ਨੈਸ਼ਨਲ ਕਾਂਗਰਸ | 02 ਮਿੰਟ |
| 2. | ਡਾ. ਸੁਖਵਿੰਦਰ ਕੁਮਾਰ ਸੁੱਖੀ, ਸ਼੍ਰੋਮਣੀ ਅਕਾਲੀ ਦਲ | 02 ਮਿੰਟ |
| 3. | ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਭਾਰਤੀ ਜਨਤਾ ਪਾਰਟੀ | 02 ਮਿੰਟ |
| 4. | ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ | 01 ਮਿੰਟ |
| 5. | ਸ੍ਰੀ ਬੁੱਧ ਰਾਮ, ਆਮ ਆਦਮੀ ਪਾਰਟੀ | 02 ਮਿੰਟ |
| 6. | ਸ. ਕੁਲਵੰਤ ਸਿੰਘ ਪੰਡੋਰੀ, ਆਮ ਆਦਮੀ ਪਾਰਟੀ | 01 ਮਿੰਟ |
| 7. | ਸ. ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ | 02 ਮਿੰਟ |
| 8. | ਸ. ਸੁਖਵਿੰਦਰ ਸਿੰਘ ਕੋਟਲੀ, ਇੰਡੀਅਨ ਨੈਸ਼ਨਲ ਕਾਂਗਰਸ | 02 ਮਿੰਟ |

ਮਾਨਯੋਗ ਸਪੀਕਰ ਨੇ ਵੀ ਸ. ਜੈ ਕ੍ਰਿਸ਼ਨ ਸਿੰਘ ਨੂੰ ਉਨ੍ਹਾਂ ਦੇ ਸਰਬਸੰਮਤੀ ਨਾਲ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੱਤੀ।

ਇਸ ਉਪਰੰਤ, ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੇ ਨੇਤਾ ਸ੍ਰੀ ਭਗਵੰਤ ਮਾਨ ਅਤੇ ਹੋਰ ਸਾਰੇ ਮਾਨਯੋਗ ਮੈਂਬਰਾਂ ਦਾ ਉਨ੍ਹਾਂ ਨੂੰ ਡਿਪਟੀ ਸਪੀਕਰ ਚੁਣਨ ਲਈ ਧੰਨਵਾਦ ਕੀਤਾ।

7. <u>ਸਦਨ ਦਾ ਸਮਾਂ ਵਧਾਉਣਾ</u>

ਮਾਨਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਸਦਨ ਦਾ ਸਮਾਂ ਮਾਨਯੋਗ ਡਿਪਟੀ ਸਪੀਕਰ ਦੀ ਸਪੀਚ ਖਤਮ ਹੋਣ ਤੱਕ ਵਧਾਇਆ ਗਿਆ।

ਇਸ ਉਪਰੰਤ ਸਦਨ ਵੀਰਵਾਰ, ਮਿਤੀ 30 ਜੂਨ, 2022 ਦੇ 03.30 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ੍ਹ।** **ਸੁਰਿੰਦਰ ਪਾਲ**

**30 ਜੂਨ, 2022** **ਸਕੱਤਰ।**